# ਪੰਜਾਬ ਸਕੂਲ ਸਿੱਖਿਆ ਬੋਰਡ

# ਨਮੂਨੇ ਦਾ ਪ੍ਰਸ਼ਨ ਪੱਤਰ, ਮਾਰਚ 2023

ਜਮਾਤ: ਅੱਠਵੀਂ

ਪੰਜਾਬੀ (ਦੂਜੀ ਭਾਸ਼ਾ)

ਸਮਾਂ- ਤਿੰਨ ਘੰਟੇ ਕੁੱਲ ਅੰਕ: 90

**ਨੋਟ:** ਸਾਫ਼ ਅਤੇ ਸਪਸ਼ਟ ਲਿਖਿਆ ਜਾਵੇ। ਸਾਫ਼ ਤੇ ਸ਼ੁੱਧ ਲਿਖਾਈ ਲਈ 5 ਅੰਕ ਹਨ।

ਪ੍ਰਸ਼ਨ ਨੰਬਰ ਤੇ ਉਪ-ਭਾਗ ਨੰਬਰ ਸਹੀ ਲਿਖੇ ਜਾਣ। ਪ੍ਰਸ਼ਨ ਦੇ ਉਪ-ਭਾਗਾਂ ਨੂੰ ਇਕੱਠੇ ਹੀ ਹੱਲ ਕੀਤਾ ਜਾਵੇ।

ਪ੍ਰਸ਼ਨ ਨੰ. 1: ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਵਿੱਚੋਂ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ: 7X1=7

ਸ਼ਹੀਦ ਰਾਜਗੁਰੂ ਦਾ ਜਨਮ 24 ਅਗਸਤ, 1908 ਨੂੰ ਪਿੰਡ ਖੇੜਾ (ਮਹਾਂਰਾਸ਼ਟਰ) ਵਿੱਚ ਹੋਇਆ। ਰਾਜਗੁਰੂ ਦਾ ਪੂਰਾ ਨਾਂ ਸ਼ਿਵ ਰਾਮ ਰਾਜਗੁਰੂ ਸੀ। ਰਾਜਗੁਰੂ ਦੇ ਪਿਤਾ ਹਰੀ ਨਰਾਇਣ ਰਾਜਗੁਰੂ ਪੂਨਾ ਦੇ ਨੇੜੇ ਪਿੰਡ ਚਾਕਨ ਦੇ ਵਾਸੀ ਸਨ। ਜੀਵਨ ਨਿਰਬਾਹ ਲਈ ਕੰਮ ਦੀ ਤਲਾਸ਼ ਵਿੱਚ ਉਹ ਪੂਨਾ ਦੇ ਕੋਲ਼ ਹੀ ਇੱਕ ਪਿੰਡ ਖੇੜਾ ਵਿੱਚ ਵੱਸ ਗਏ। ਰਾਜਗੁਰੂ ਛੇ ਸਾਲ ਦੇ ਸਨ ਜਦੋਂ ਉਹਨਾਂ ਦੇ ਪਿਤਾ ਸੁਰਗਵਾਸ ਹੋ ਗਏ। ਉਹਨਾਂ ਨੂੰ ਵੱਡੇ ਭਰਾ ਦਿਨਕਰ ਹਰੀ ਰਾਜਗੁਰੂ ਨੇ ਪਾਲ਼ਿਆ। ਰਾਜਗੁਰੂ ਨੂੰ ਇੱਕ ਮਰਾਠੀ ਸਕੂਲ ਵਿੱਚ ਪੜ੍ਹਨ ਪਾਇਆ ਗਿਆ ਪਰ ਉਸ ਦਾ ਮਨ ਪੜ੍ਹਾਈ ਵਿੱਚ ਨਹੀਂ ਲੱਗਦਾ ਸੀ। ਉਹ ਖੇਡ ਕੇ ਸਮਾਂ ਬਿਤਾਉਂਦੇ ਸਨ। ਵੱਡਾ ਭਰਾ ਦਿਨਕਰ ਨੌਕਰੀ ਕਰਦਾ ਸੀ। ਉਹ ਰਾਜਗੁਰੂ ਨੂੰ ਪੜ੍ਹਨ ਲਈ ਪ੍ਰੇਰਦਾ ਰਹਿੰਦਾ ਪਰ ਰਾਜਗੁਰੂ ਦੀ ਪੜ੍ਹਾਈ ਵਿੱਚ ਬਿਲਕੁਲ ਰੁਚੀ ਨਹੀਂ ਸੀ । ਇਸ ਕਾਰਨ ਇੱਕ ਦਿਨ ਵੱਡੇ ਭਰਾ ਨੇ ਰਾਜਗੁਰੂ ਨੂੰ ਪੜ੍ਹਾਈ 'ਚ ਮਨ ਲਾਉਣ ਲਈ ਜ਼ੋਰ ਪਾਇਆ। ਰਾਜਗੁਰੂ ਨੂੰ ਖੇਡ ਤੋਂ ਬਿਨਾਂ ਕੋਈ ਹੋਰ ਗੱਲ ਨਹੀਂ ਭਾਉਂਦੀ ਸੀ। ਇਸ ਕਾਰਨ ਉਹ ਵੱਡੇ ਭਰਾ ਨਾਲ਼ ਨਰਾਜ਼ ਹੋ ਗਏ।

1924 ਈ: ਦੀ ਗੱਲ ਹੈ। ਇੱਕ ਦਿਨ ਰਾਜਗੁਰੂ ਵੱਡੇ ਭਰਾ ਨੂੰ ਦੱਸਣ ਤੋਂ ਬਿਨਾਂ ਹੀ ਘਰ ਤੋਂ ਨਿਕਲ਼ ਤੁਰੇ। ਉਸ ਸਮੇਂ ਉਸ ਕੋਲ ਸਿਰਫ਼ ਨੌਂ ਪੈਸੇ ਸਨ। ਉਹ ਨਾਸਿਕ, ਕਾਨਪੁਰ ਘੁੰਮਦੇ-ਘੁੰਮਦੇ ਭੁੱਖੇ-ਤ੍ਰਿਹਾਏ ਪੰਦਰ੍ਹਾਂ ਦਿਨਾਂ ਵਿੱਚ ਕਾਂਸੀ ਪਹੁੰਚ ਗਏ। ਕੁਝ ਦਿਨ ਉਹਨਾਂ ਨੇ ਅਹਿਲਿਆ ਘਾਟ 'ਤੇ ਕੱਟੇ। ਫਿਰ ਇੱਕ ਸੰਸਕ੍ਰਿਤ ਸਕੂਲ ਵਿੱਚ ਦਾਖ਼ਲ ਹੋ ਗਏ। ਸਕੂਲ ਵਿੱਚ ਦਾਖ਼ਲਾ ਲੈ ਕੇ ਰਾਜਗੁਰੂ ਨੇ ਵੱਡੇ ਭਰਾ ਨੂੰ ਇਸ ਬਾਰੇ ਖ਼ਤ ਲਿਖ ਦਿੱਤਾ। ਭਰਾ ਨੇ ਰਾਜਗੁਰੂ ਨੂੰ ਫ਼ੀਸ ਲਈ ਪੰਜ ਰੁਪਏ ਮਹੀਨਾ ਭੇਜਣੇ ਸ਼ੁਰੂ ਕਰ ਦਿੱਤੇ। ਪੜ੍ਹਾਈ ਤੇ ਰਹਾਇਸ਼ ਦੇ ਖ਼ਰਚੇ ਲਈ ਪੰਜ

(A) ਸ਼ਹੀਦ ਰਾਜਗੁਰੂ ਕਿਹੜੇ ਸੰਨ ਵਿੱਚ ਬਿਨਾਂ ਦੱਸੇ ਘਰ ਤੋਂ ਨਿਕਲ ਤੁਰੇ ?

(i) 1923 ਈ. (ii) 1924 ਈ. (iii) 1925 ਈ. (iv) 1926 ਈ.

(B) ਰਾਜਗੁਰੂ ਦੇ ਭਰਾ ਨੇ ਸਕੂਲ ਦੀ ਫੀਸ ਲਈ ਕਿੰਨੇ ਰੁਪਏ ਭੇਜਣੇ ਸ਼ੁਰੂ ਕਰ ਦਿੱਤੇ ?

(i) ਨੌਂ ਪੈਸੇ (ii) ਦੋ ਰੁਪਏ ਮਹੀਨਾ (iii) ਚਾਰ ਰੁਪਏ ਮਹੀਨਾ (iv)ਪੰਜ ਰੁਪਏ ਮਹੀਨਾ

(C) ਘਰ ਛੱਡਣ ਤੋਂ ਬਾਅਦ ਰਾਜਗੁਰੂ ਨੇ ਕਿਹੜੇ ਸਕੂਲ ਵਿੱਚ ਦਾਖ਼ਲਾ ਲਿਆ ?

(i) ਸੰਸਕ੍ਰਿਤ ਸਕੂਲ (ii) ਡੀ.ਏ.ਵੀ. ਸਕੂਲ (iii) ਖ਼ਾਲਸਾ ਸਕੂਲ (iv) ਮਿਊਂਸੀਪਲ ਸਕੂਲ

(D) ਰਾਜਗੁਰੂ ਦਾ ਪੂਰਾ ਨਾਂ ਕੀ ਸੀ ?

(i) ਰਾਮ ਸ਼ਿਵ ਰਾਜਗੁਰੂ (ii) ਸ਼ਿਵ ਰਾਮ ਰਾਜਗੁਰੂ (iii) ਰਾਜਗੁਰੂ ਸ਼ਿਵ ਰਾਮ (iv) ਦਿਨਕਰ ਰਾਜਗੁਰੂ

(E) ਜਦੋਂ ਰਾਜਗੁਰੂ ਦੇ ਪਿਤਾ ਜੀ ਸੁਰਗਵਾਸ ਹੋਏ ਤਾਂ ਉਨ੍ਹਾਂ ਦੀ ਉਮਰ ਕਿੰਨੀ ਸੀ ?

(i) ਛੇ ਮਹੀਨੇ (ii) ਪੰਜ ਸਾਲ (iii) ਛੇ ਸਾਲ (iv) ਸੱਤ ਸਾਲ

(F) ਪਿਤਾ ਦੀ ਮੌਤ ਤੋਂ ਬਾਅਦ ਰਾਜਗੁਰੂ ਨੂੰ ਕਿਸ ਨੇ ਪਾਲਿਆ ?

(i) ਭੈਣ ਨੇ (ii) ਭਰਾ ਨੇ (iii) ਚਾਚੇ ਨੇ (iv) ਭੂਆ ਨੇ

(G) ਰਾਜਗੁਰੂ ਦਾ ਜਨਮ ਕਿਸ ਰਾਜ ਵਿੱਚ ਹੋਇਆ ?

(i) ਪੰਜਾਬ (ii) ਹਰਿਆਣਾ (iii) ਮਹਾਂਰਾਸ਼ਟਰ (iv) ਉੱਤਰ ਪ੍ਰਦੇਸ਼

ਪ੍ਰਸ਼ਨ ਨੰ. 2: (I) ਹੇਠਾਂ ਦਿੱਤੇ ਹੋਏ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੇ ਭਾਵ-ਅਰਥ ਸਪਸ਼ਟ ਕਰੋ:

ਕਿੰਨਾ ਹੈ ਵਿਸਾਖੀ ਵਾਲ਼ਾ ਮੇਲਾ ਭਰਿਆ,
ਜਾਏ ਨਾ ਬਜ਼ਾਰਾਂ ਵਿੱਚ ਪੈਰ ਧਰਿਆ ।
ਲੱਡੂਆਂ-ਜਲੇਬੀਆਂ ਦੇ ਭਰੇ ਥਾਲ਼ ਨੇ,
ਖਾਣ ਦੇ ਸ਼ੁਕੀਨ ਖੜ੍ਹੇ ਬੰਨ ਪਾਲ਼ ਨੇ ।
ਟੋਲੀਆਂ ਬਣਾਈਆਂ ਵੱਖੋ-ਵੱਖ ਮੇਲੀਆਂ,
ਸੋਭਦੇ ਨੇ ਮੇਲੇ ਸਦਾ ਨਾਲ਼ ਬੇਲੀਆਂ ।

ਜਾਂ

ਸਾਡਾ ਸਭ ਦੁੱਖ ਜਾਣਦੇ,
ਰੁੱਖ ਬੋਲ ਨਾ ਸਕਦੇ ।
ਬੰਦਾ ਛਾਂਵੇ ਬੈਠਣ ਆਵੇ,
ਇਨ੍ਹਾਂ ਨੂੰ ਹੀ ਛਾਂਗੀ ਜਾਵੇ ।
ਨਾ ਬੋਲਣ ਨਾ ਕੂਕਣ ਫਿਰ ਵੀ,
ਭਾਂਵੇ ਸਭ ਕੁਝ ਜਾਣਦੇ ।
ਪਰ ਬੋਲ ਨਾ ਸਕਦੇ ।

(II) ਉਪਰੋਕਤ ਕਾਵਿ-ਟੋਟਿਆਂ ਦੇ ਆਧਾਰ 'ਤੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(H) ਲੱਡੂਆਂ-ਜਲੇਬੀਆਂ ਨਾਲ ਕੀ ਭਰੇ ਹਨ ?

(i) ਥਾਲ਼ (ii) ਡੱਬੇ (iii) ਪਰਾਤ

(I) ਮੇਲੇ ਸਦਾ ਕਿਨ੍ਹਾਂ ਨਾਲ ਸੋਭਦੇ ਹਨ ?

(i) ਭੀੜ (ii) ਪੁਲਿਸ (iii)ਬੇਲੀਆਂ

(J) ਬੰਦਾ ਕਿਨ੍ਹਾਂ ਨੂੰ ਛਾਂਗ ਰਿਹਾ ਹੈ ?

(i) ਪੱਥਰਾਂ (ii) ਰੁੱਖਾਂ (iii) ਪਹਾੜਾਂ

(K) ਰੁੱਖ ਸਭ ਕੁਝ ਜਾਣਦੇ ਹੋਏ ਵੀ ਕੀ ਨਹੀਂ ਕਰ ਸਕਦੇ ?

(i) ਬੋਲ (ii) ਹਿੱਲ (iii) ਵੱਧ 4+4X1=8

ਪ੍ਰਸ਼ਨ ਨੰ. 3: **(I)** ਨਿਮਨਲਿਖਿਤ ਪ੍ਰਸ਼ਨਾਂ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਸੰਖੇਪ ਸ਼ਬਦਾਂ ਵਿੱਚ ਦਿਓ: 4X2=8

(L) ਸਹਿਜ ਦਾ ਨਾਨਕੇ ਜਾਣ ਦਾ ਸਾਰਾ ਚਾਅ ਕਿਉਂ ਮੱਠਾ ਪੈ ਗਿਆ ਸੀ ?
(M) ਪੰਜਾਬ ਦੀਆਂ ਹੋਰ ਕਿਹੜੀਆਂ-ਕਿਹੜੀਆਂ ਖੇਡਾਂ ਹਨ ?
(N) ਰਿਧਿਮਾ ਟਿਫ਼ਨ ਵਿੱਚ ਬਿਸਕੁਟ ਕਿਉਂ ਲੈ ਕੇ ਆਈ ਸੀ ?
(O) ਕਿਹੜੀ ਗੱਲ ਦਿਲਜੀਤ ਦੇ ਮਨ ਨੂੰ ਦੁਖੀ ਕਰਦੀ ਸੀ ?
(P) ਓਜ਼ੋਨ ਪਰਤ ਦਾ ਘਾਣ ਕਿਸ ਤਰ੍ਹਾਂ ਹੋਇਆ ਹੈ ?
(Q) ਰਾਜਗੁਰੂ ਦਾ ਪੜ੍ਹਾਈ ਵਿੱਚ ਮਨ ਕਿਉਂ ਨਹੀਂ ਸੀ ਲੱਗਦਾ ?

(II) ਅੱਗੇ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਛੇ ਦੇ ਉੱਤਰ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ : 6X1=6

(R) ਯੋਗਰਾਜ ਕਿਸ ਵਿਸ਼ੇ ਦੇ ਅਧਿਆਪਕ ਸਨ ?

(i) ਸਮਾਜਿਕ ਸਿੱਖਿਆ (ii) ਅੰਗਰੇਜ਼ੀ (iii) ਗਣਿਤ

(S) ਲੋਕਾਂ ਨੂੰ ਮਾਸਟਰ ਬੁੱਧ ਸਿੰਘ ਕੋਲ ਕਿਹੜੀ ਚੀਜ਼ ਹੋਣ ਦਾ ਸ਼ੱਕ ਸੀ ?

(i)ਬਹੁਤ ਪੈਸਾ (ii)ਵਿੱਦਿਆ (iii)ਗਿੱਦੜ-ਸਿੰਗੀ

(T) ਇੱਕ ਕਲੋਨੀ ਵਿੱਚ ਸ਼ਹਿਦ ਦੀਆਂ ਮੱਖੀਆਂ ਦੀ ਲਗ-ਪਗ ਕਿੰਨੀ ਗਿਣਤੀ ਹੁੰਦੀ ਹੈ ?

(i)ਪੰਜ ਸੌ (ii)ਸੱਤ ਸੌ (iii)ਕਈ ਹਜ਼ਾਰ

(U) ਰਾਜਗੁਰੂ ਨੂੰ ਭੁੱਖ-ਹੜਤਾਲ ਖ਼ਤਮ ਕਰਨ ਸਮੇਂ ਕੀ ਪਿਆਇਆ ਗਿਆ ?

(i)ਪਾਣੀ ਦਾ ਗਲਾਸ (ii)ਜੂਸ ਦਾ ਗਲਾਸ (iii)ਦੁੱਧ ਦਾ ਗਲਾਸ

(V) ਸਕੂਲ ਦੇ ਮੈਦਾਨ ਵਿੱਚ ਪਾਣੀ ਕਿਸ ਨੇ ਛੱਡਿਆ?

(i)ਬੱਚਿਆਂ ਨੇ (ii)ਅਧਿਆਪਕਾਂ ਨੇ (iii)ਮਾਲੀ ਨੇ

(W) ਅੱਜ ਦੇ ਛੋਟੇ ਬੱਚੇ ਲਈ ਕਿਹੜਾ ਪੰਛੀ ਅਣਡਿੱਠ ਹੋ ਰਿਹਾ ਹੈ?

(i)ਚਿੜੀ (ii)ਕਾਂ (iii)ਕਬੂਤਰ

(X) ਈਦ ਕਿੰਨੇ ਰੋਜ਼ਿਆਂ ਬਾਅਦ ਆਈ ਸੀ?

(i)ਪੰਦਰਾਂ (ii)ਵੀਹ (iii)ਤੀਹ

ਪ੍ਰਸ਼ਨ ਨੰ. 4: ਅੱਗੇ ਲਿਖੇ ਵਾਕਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਦਿੱਤੇ ਗਏ ਵਿਕਲਪਾਂ ਵਿੱਚੋਂ ਸ਼ਬਦ ਚੁਣ ਕੇ ਕੋਈ ਪੰਜ ਖਾਲੀ ਸਥਾਨ ਭਰੋ: 5X1=5

(ਰਲ-ਮਿਲ ਕੇ, ਪ੍ਰੋਗਰਾਮ, ਜੂਨ, ਅੱਧੀ ਮੁਲਾਕਾਤ, ਗੈੱਸਟ-ਹਾਊਸ)

(H) ਸਕੂਲ ਵਿੱਚ .............. ਮਹੀਨੇ ਛੁੱਟੀਆਂ ਹੋ ਗਈਆਂ ਸਨ।

(I) ਚਿੱਠੀ ਨੂੰ .................. ਮੰਨਿਆ ਜਾਂਦਾ ਸੀ।

(J) ਹੋਟਲਾਂ ਤੋਂ ਇਲਾਵਾ ਇੱਥੇ ਰਹਿਣ ਲਈ ਕਈ ....................... ਵੀ ਮੌਜੂਦ ਹਨ।

(K) ਭਗਤ ਸਿੰਘ ਵੱਲੋਂ ਅਸੈਂਬਲੀ ਵਿੱਚ ਬੰਬ ਸੁੱਟਣ ਦਾ ................. ਉਲੀਕਿਆ ਗਿਆ।

(L) ਸ਼ਹਿਦ ਦੀਆਂ ਮੱਖੀਆਂ ਇੱਕ ਪਰਿਵਾਰ ਵਾਂਗ .................... ਰਹਿੰਦੀਆਂ ਹਨ।

ਪ੍ਰਸ਼ਨ ਨੰ. 5: ਨਿਮਨਲਿਖਿਤ ਕਿਸੇ ਚਾਰ ਵਾਕਾਂ ਵਿੱਚੋਂ; ਵਾਕ ਦੇ ਸਾਹਮਣੇ ਪੁੱਛੇ ਗਏ ਅਨੁਸਾਰ ਸ਼ਬਦਾਂ ਦੀ ਪਛਾਣ ਕਰਕੇ ਲਿਖੋ: 4X1=4

(M) ਹਾਮਿਦ ਨੇ ਕਿਹਾ ਕਿ ਉਹ ਈਦਗਾਹ ਜਾਵੇਗਾ। (ਕਿਰਿਆ ਚੁਣੋ)

(N) ਉਹ ਹਰ ਸਮੇਂ ਗਿੱਦੜ-ਸਿੰਗੀ ਬਾਰੇ ਸੋਚਦਾ ਰਹਿੰਦਾ। (ਪੜਨਾਂਵ ਚੁਣੋ)

(O) ਪੁਰਾਤਨ ਗ੍ਰੰਥਾਂ ਵਿੱਚ ਅਸੀਂ ਬਨਸਪਤੀ ਸੰਬੰਧੀ ਪੜ੍ਹਦੇ ਹਾਂ। (ਵਿਸ਼ੇਸ਼ਣ ਚੁਣੋ )

(P) ਅੱਜ ਦੇ ਛੋਟੇ ਬੱਚੇ ਲਈ ਚਿੜੀ ਬੁਝਾਰਤ ਬਣ ਗਈ ਹੈ। (ਨਾਂਵ ਚੁਣੋ )

ਪ੍ਰਸ਼ਨ ਨੰ. 6: **(I)** ਨਿਮਨਲਿਖਿਤ ਕਿਸੇ ਪੰਜ ਸ਼ਬਦਾਂ/ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਇਹਨਾਂ ਦੇ ਅਰਥ ਸਪਸ਼ਟ ਹੋ ਜਾਣ :

ਖੁਸ਼ਹਾਲ, ਅਸਾਮੀ, ਨਿਸ਼ਾਨੇਬਾਜ਼, ਬਗ਼ਾਵਤ, ਬੇੜਾ ਪਾਰ ਕਰਨਾ,ਆਲਾ-ਦੁਆਲਾ, ਜ਼ੁੰਮੇਵਾਰੀ 5X1=5

(II) ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਹਿੰਦੀ ਸ਼ਬਦਾਂ ਦੇ ਪੰਜਾਬੀ ਰੂਪ ਲਿਖੋ:

रोज़, धरती, मास्टर, मनुष्य, व्यक्तिगत, सभी, जन्म-दिन, अवकाश 5X1=5

(III) ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਸ਼ਬਦਾਂ ਦੇ ਲਿੰਗ ਬਦਲ ਕੇ ਲਿਖੋ :

ਪਿਤਾ, ਦੋਸਤ, ਵਿਦਿਆਰਥੀ, ਅਧਿਆਪਕ, ਮੁੰਡਾ, ਸ੍ਰੀਮਾਨ, ਬੱਚਾ 5X1=5

(IV) ਹੇਠ ਲਿਖਿਆਂ ਵਿੱਚੋਂ ਕਿਸੇ ਪੰਜ ਸ਼ਬਦਾਂ ਦੇ ਵਚਨ ਬਦਲ ਕੇ ਲਿਖੋ :

ਗ਼ਰੀਬ, ਰੋਸ਼ਨੀ, ਪਹਾੜੇ, ਦੁਕਾਨ, ਠੰਢਾ, ਸੈਲਾਨੀ, ਸ਼ਾਖਾਵਾਂ, ਸਮੱਸਿਆਵਾਂ 5X1=5

II. ਨਿਮਨਲਿਖਿਤ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 150 ਤੋਂ 200 ਸ਼ਬਦਾਂ ਦੀ ਲੇਖ-ਰਚਨਾ ਕਰੋ: 10X1=10

(A) ਸ੍ਰੀ ਗੁਰੂ ਨਾਨਕ ਦੇਵ ਜੀ

(B) ਵਿਸਾਖੀ ਦਾ ਮੇਲਾ

(C) ਦਿਵਾਲੀ

(D) ਰੁੱਖਾਂ ਦੇ ਲਾਭ

III. ਸਕੂਲ ਦੇ/ਦੀ ਮੁੱਖ-ਅਧਿਆਪਕ/ਮੁੱਖ-ਅਧਿਆਪਕਾ ਤੋਂ ਮੈਚ ਦੇਖਣ ਜਾਣ ਦੀ ਆਗਿਆ ਲੈਣ ਸੰਬੰਧੀ ਬਿਨੈ-ਪੱਤਰ ਲਿਖੋ

ਜਾਂ

ਆਪਣੇ ਪਿਤਾ ਜੀ ਨੂੰ ਆਪਣੀ ਸਲਾਨਾ ਪਰੀਖਿਆ ਬਾਰੇ ਜਾਣਕਾਰੀ ਦੇਣ ਲਈ ਪੱਤਰ 8X1=8

IV. ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਪੰਜ ਸ਼ੁੱਧ/ਸਹੀ ਅਤੇ ਸਾਰਥਕ ਸ਼ਬਦਾਂ ਦੀ ਪਹਿਚਾਣ ਕਰਕੇ ਲਿਖੋ:

| | | | |
|---|---|---|---|
| ਅਸਫ਼ਰ | ਮਹਿਕਮਾ | ਕਵਿਸ਼ਰ | ਪੰਘੂੜੇ |
| ਇਮਤਿਹਾਨ | ਰੌਣਾਕੀ | ਫ਼ਲਸਫ਼ਾ | ਨਿਸ਼ਾਣ |
| ਬਗ਼ਾਵਤ | ਕਵਾਇਦ | ਪ੍ਰਯੋਗਕ | ਮਣਾਉਂਦੇ |

5X1=5

V. ਪੜਨਾਂਵ ਦੀ ਪਰਿਭਾਸ਼ਾ ਦਿਉ ।

ਜਾਂ

ਕਿਰਿਆ ਕਿਸ ਨੂੰ ਆਖਦੇ ਹਨ । 4X1=4